USDA Farm Service Agency
U.S. DEPARTMENT OF AGRICULTURE

# ਫਸਲ ਦੇ ਰਕਬੇ ਦੀ ਜਾਣਕਾਰੀ ਦਰਜ ਕਰਾਉਣਾ

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ



## ਸੰਖੇਪ ਜਾਣਕਾਰੀ

ਖੇਤੀਬਾੜੀ ਨਾਲ ਜੁੜੇ ਉਤਪਾਦਕਾਂ ਨੂੰ ਫਸਲ ਦੇ ਰਕਬੇ ਨਾਲ ਜੁੜੀ ਜਾਣਕਾਰੀ USDA ਕੋਲ ਦਰਜ ਕਰਾਉਣੀ ਚਾਹੀਦੀ ਹੈ, ਜੋ ਕਿ ਤੁਹਾਡੇ ਫਾਰਮ ਜਾਂ ਖੇਤ ਵਿੱਚ ਬੋਈ ਗਈ ਫਸਲ ਅਤੇ ਉਹਨਾਂ ਦੀ ਨਿਰਧਾਰਤ ਵਰਤੋਂ ਨੂੰ ਦਸਤਾਵੇਜ਼ਬੱਧ ਕਰਦੀ ਹੈ।

ਹਰ ਸਾਲ, USDA ਦੀਆਂ ਏਜੰਸੀਆਂ ਫਸਲ ਦੇ ਰਕਬੇ ਦੀ ਜਾਣਕਾਰੀ ਰਾਹੀਂ ਫਸਲਾਂ ਨਾਲ ਜੁੜਿਆ ਡੇਟਾ ਇਕੱਤਰ ਕਰਦੀਆਂ ਹਨ। ਜੇ ਤੁਸੀਂ ਫਸਲ ਬੀਮਾ, ਸੁਰੱਖਿਆ ਜਾਲ, ਰਾਖ਼ਵਾਂਕਰਨ ਅਤੇ ਆਫਤ ਸਹਾਇਤਾ ਪ੍ਰੋਗਰਾਮ ਜਿਹੇ ਕਈ ਸਾਰੇ USDA ਪ੍ਰੋਗਰਾਮਾਂ ਵਿੱਚ ਭਾਗ ਲੈਣਾ ਚਾਹੁੰਦੇ ਹੋ, ਤਾਂ ਪ੍ਰੋਗਰਾਮ ਦੇ ਲਾਭਾਂ ਦਾ ਫਾਇਦਾ ਚੁੱਕਦੇ ਰਹਿਣ ਲਈ ਤੁਹਾਨੂੰ ਰਕਬੇ ਨਾਲ ਜੁੜੀ ਜਾਣਕਾਰੀ ਸਮੇਂ ਸਿਰ ਦਰਜ ਕਰਾਉਣੀ ਚਾਹੀਦੀ ਹੈ। ਸਾਰੀਆਂ ਫਸਲਾਂ ਅਤੇ ਜ਼ਮੀਨ ਦੀ ਹਰ ਤਰ੍ਹਾਂ ਦੀ ਵਰਤੋਂ ਦੀ ਸਹੀ-ਸਹੀ ਅਤੇ ਸਮੇਂ ਸਿਰ ਜਾਣਕਾਰੀ ਉਪਲਬਧ ਕਰਾਉਣ ਨਾਲ ਲਾਭਾਂ ਦੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ, ਇਸ ਜਾਣਕਾਰੀ ਵਿੱਚ ਖਰਾਬ ਹੋਇਆ ਰਕਬਾ ਅਤੇ ਬੁਆਈ ਰਹਿਤ ਰਕਬਾ ਵੀ ਸ਼ਾਮਲ ਹੈ।

## ਸਮਾਂ-ਸੀਮਾਵਾਂ

ਫਸਲ ਦੇ ਰਕਬੇ ਨਾਲ ਜੁੜੀ ਜਾਣਕਾਰੀ ਦਰਜ ਕਰਾਉਣ ਦੀ ਸਮਾਂ-ਸੀਮਾ ਫਸਲ ਅਤੇ ਰਾਜ ਅਤੇ ਕਾਉਂਟੀ ਦੇ ਮੁਤਾਬਕ ਵੱਖ-ਵੱਖ ਹੁੰਦੀ ਹੈ।

ਤੁਹਾਡੇ ਸਥਾਨਕ USDA ਸੇਵਾ ਕੇਂਦਰ ਦੀ ਖੇਤ ਸੇਵਾ ਏਜੰਸੀ ਦਾ ਸਟਾਫ ਤੁਹਾਡੀ ਕਾਉਂਟੀ ਦੇ ਹਿਸਾਬ ਨਾਲ ਫਸਲ ਮੁਤਾਬਕ ਨਕਸ਼ੇ ਉਪਲਬਧ ਕਰਾਉਣ ਅਤੇ ਰਕਬੇ ਦੀ ਜਾਣਕਾਰੀ ਦੇਣ ਨਾਲ ਜੁੜੀਆਂ ਸਮਾਂ-ਸੀਮਾਵਾਂ ਦੱਸਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਤੁਹਾਡਾ ਫਸਲ ਬੀਮਾ ਏਜੰਟ ਫਸਲ ਬੀਮੇ ਦੇ ਲਾਭਾਂ ਲਈ ਦਰਜ ਕਰਾਉਣਯੋਗ ਜ਼ਰੂਰੀ ਜਾਣਕਾਰੀ ਉਪਲਬਧ ਕਰਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

## ਇਹ ਕਿਵੇਂ ਕੰਮ ਕਰਦਾ ਹੈ

ਤੁਸੀਂ FSA-578 ਫਾਰਮ ਭਰਕੇ ਫਸਲ ਦੇ ਰਕਬੇ ਨਾਲ ਜੁੜੀ ਜਾਣਕਾਰੀ ਦਰਜ ਕਰਵਾ ਸਕਦੇ ਹੋ। ਤੁਹਾਡੇ ਸਥਾਨਕ USDA ਸੇਵਾ ਕੇਂਦਰ ਦਾ ਸਟਾਫ ਜਾਣਕਾਰੀ ਉਪਲਬਧ ਕਰਾਉਣ ਦੀ ਪ੍ਰਕਿਰਿਆ ਨੂੰ ਤੁਹਾਡੇ ਲਈ ਸੌਖਾ ਕਰਨ ਵਾਸਤੇ ਤੁਹਾਨੂੰ ਨਕਸ਼ੇ ਅਤੇ ਸਮਾਂ-ਸੀਮਾਵਾਂ ਨਾਲ ਜੁੜੀ ਜਾਣਕਾਰੀ ਉਪਲਬਧ ਕਰਾਉਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਉਤਪਾਦਕ ਸੁਰੱਖਿਅਤ ਢੰਗ ਨਾਲ ਨਕਸ਼ੇ ਦੇਖਣ ਅਤੇ ਉਹਨਾਂ ਦਾ ਪ੍ਰਿੰਟ ਕੱਢਣ ਲਈ **farmers.gov** ਤੇ ਲੌਗ-ਇਨ ਵੀ ਕਰ ਸਕਦੇ ਹਨ। ਔਨਲਾਈਨ ਸੇਵਾ ਦਾ ਹਿੱਸਾ ਬਣਨ ਲਈ, ਸਥਾਨਕ FSA ਨਾਲ ਸੰਪਰਕ ਕਰੋ ਜਾਂ ਫਿਰ **farmers.gov/ sign-in** 'ਤੇ ਜਾਓ।

ਰਕਬੇ ਨਾਲ ਜੁੜੀ ਜਾਣਕਾਰੀ ਦਰਜ ਕਰਾਉਣ ਲਈ, ਤੁਹਾਨੂੰ ਇਹ ਚੀਜ਼ਾਂ ਪਤਾ ਹੋਣੀਆਂ ਚਾਹੀਦੀਆਂ ਹਨ:

- ਫਸਲ ਅਤੇ ਫਸਲ ਦੀ ਕਿਸਮ
- ਫਸਲ ਦੀ ਨਿਰਧਾਰਤ ਵਰਤੋਂ
- ਫਸਲ ਕਿੰਨ੍ਹੇ ਏਕੜ ਵਿੱਚ ਹੈ
- ਫਸਲ ਦੀ ਆਰਜ਼ੀ ਹੱਦਬੰਦੀ ਦਾ ਨਕਸ਼ਾ
- ਬੁਆਈ ਦੀਆਂ ਤਾਰੀਖ਼ਾਂ
- ਬੁਆਈ ਦਾ ਪੈਟਰਨ, ਜਦੋਂ ਲਾਗੂ ਹੋਵੇ
- ਉਤਪਾਦਕ ਦਾ ਹਿੱਸਾ
- ਸਿੰਚਾਈ ਅਭਿਆਸ<br>ਬੁਆਈ ਨਾ ਕੀਤਾ ਗਿਆ ਰਕਬਾ, ਜਦੋਂ ਲਾਗੂ ਹੋਵੇ
- ਲੋੜ ਮੁਤਾਬਕ ਹੋਰ ਜਾਣਕਾਰੀ

ਜਾਣਕਾਰੀ ਦਰਜ ਕਰਾਉਣ ਦੀਆਂ ਤਾਰੀਖ਼ਾਂ ਫਸਲ ਅਤੇ ਕਾਉਂਟੀ ਮੁਤਾਬਕ ਵੱਖ ਹੁੰਦੀਆਂ ਹਨ। ਵੇਰਵਿਆਂ ਲਈ ਆਪਣੇ ਸਥਾਨਕ FSA ਸਟਾਫ ਨਾਲ ਗੱਲ ਕਰੋ।



## ਆਪਣਾ ਸਥਾਨਕ ਦਫਤਰ ਲੱਭੋ।

ਆਪਣਾ ਸਥਾਨਕ ਦਫਤਰ ਲੱਭਣ ਲਈ, ਇਸ ਸਾਈਟ 'ਤੇ ਜਾਓ: **farmers.gov/service-locator**

### Farmers.gov ਖਾਤਾ

ਜਿਹੜੇ ਉਪਾਦਕਾਂ ਦਾ eAuth ਖਾਤਾ ਉਹਨਾਂ ਦੇ USDA ਗਾਹਕ ਰਿਕਾਰਡ ਨਾਲ ਜੁੜਿਆ ਹੋਇਆ ਹੈ, ਉਹ **farmers.gov** 'ਤੇ ਲੌਗ-ਇਨ ਕਰਕੇ ਹੁਣ ਆਪਣੇ FSA ਖੇਤ ਦੇ ਰਿਕਾਰਡ, ਨਕਸ਼ੇ ਅਤੇ ਜ਼ਮੀਨ ਨਾਲ ਜੁੜੀਆਂ ਆਮ ਇਕਾਈਆਂ ਤੱਕ ਪਹੁੰਚ ਕਰ ਸਕਦੇ ਹਨ। ਇੱਕ ਨਵੀਂ ਸੁਵਿਧਾ ਦੀ ਮਦਦ ਨਾਲ ਉਤਪਾਦਕ ਆਪਣੇ ਖੇਤ ਦੀ ਹੱਦਬੰਦੀ ਨੂੰ ਸ਼ੇਪਫਾਈਲ ਦੇ ਰੂਪ ਵਿੱਚ ਐਕਸਪੋਰਟ ਕਰ ਸਕਦੇ ਹਨ ਅਤੇ ਹੋਰਨਾਂ ਸ਼ੇਪਫਾਈਲਾਂ ਨੂੰ ਇੰਪਰੋਟ ਕਰਕੇ ਦੇਖ ਵੀ ਸਕਦੇ ਹਨ, ਜਿਵੇਂ ਕਿ ਖੇਤੀਬਾੜੀ ਦੀਆਂ ਸਟੀਕ ਹੱਦਾਂ। ਇਸ ਦੀ ਮਦਦ ਨਾਲ ਉਤਪਾਦਕ ਰਕਬੇ ਨਾਲ ਜੁੜੀ ਜਾਣਕਾਰੀ ਦਰਜ ਕਰਾਉਣ ਦੇ ਮੰਤਵਾਂ ਲਈ ਆਪਣੇ ਖੁਦ ਦੇ ਨਕਸ਼ੇ ਨੂੰ ਲੇਬਲਬੱਧ ਕਰ ਸਕਦੇ ਹਨ, ਉਹਨਾਂ ਨੂੰ ਦੇਖ ਸਕਦੇ ਹਨ ਅਤੇ ਪ੍ਰਿੰਟ ਵੀ ਕਰ ਸਕਦੇ ਹਨ।

ਜਿਹੜੇ ਉਤਪਾਦਕਾਂ ਕੋਲ ਕਿਸੇ ਹੋਰ ਗਾਹਕ ਲਈ FSA-211 POA ਰਾਹੀਂ ਬਤੌਰ ਗ੍ਰਾਂਟੀ ਕਾਰਵਾਈ ਕਰਨ ਦੇ ਅਧਿਕਾਰ ਹੁੰਦੇ ਹਨ, ਵਪਾਰਕ ਭਾਈਵਾਲ ਹਸਤਾਖਰ ਅਥਾਰਟੀ ਹੁੰਦੀ ਹੈ, ਇਸਦੇ ਨਾਲ ਹੋਰ ਕਿਸਮ ਦੇ ਹਸਤਖਰਾਂ ਦੀ ਅਥਾਰਟੀ ਹੁੰਦੀ ਹੈ ਜਾਂ ਫਿਰ ਕਿਸੇ ਵਪਾਰ ਦੇ ਮੈਂਬਰ ਹੋਣ ਦੇ ਨਾਤੇ, ਉਹ ਆਪਣੇ **farmers.gov** ਵਿੱਚ ਲੌਗ-ਇਨ ਕਰਕੇ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹਨ।

ਉਤਪਾਦਕ **farmers.gov**ਦੇ **YouTube ਚੈਨਲ** 'ਤੇ ਪੋਸਟ ਕੀਤੇ ਵੀਡੀਓ ਟਿਊਟੋਰੀਅਲ ਦੇਖਕੇ **Farmers.gov** ਦੀ ਖੇਤ ਰਿਕਾਰਡ ਮੈਪਿੰਗ ਕਾਰਜ-ਸਮਰੱਥਾ ਦੀ ਵਰਤੋਂ ਕਰਨਾ ਸਿੱਖ ਸਕਦੇ ਹਨ।



## ਫਸਲ ਦੇ ਰਕਬੇ ਦੀ ਜਾਣਕਾਰੀ ਦਰਜ ਕਰਾਉਣ ਨਾਲ ਜੁੜੇ ਅਕਸਰ ਪੁੱਛੇ ਜਾਂਦੇ ਸਵਾਲ

### ਸਵਾਲ: ਫਸਲ ਦੇ ਰਕਬੇ ਦੀ ਦਰਜ ਕਰਵਾਈ ਗਈ ਜਾਣਕਾਰੀ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?

ਫਸਲ ਦੇ ਰਕਬੇ ਦੀ ਦਰਜ ਕਰਵਾਈ ਗਈ ਜਾਣਕਾਰੀ ਤੋਂ ਇਕੱਤਰ ਡੇਟਾ ਦੀ ਵਰਤੋਂ ਇਹਨਾਂ ਕੰਮਾਂ ਲਈ ਕੀਤੀ ਜਾਂਦੀ ਹੈ:

- USDA ਦੇ ਖੇਤ ਪ੍ਰੋਗਰਾਮਾਂ ਦੇ ਨਿਯਮਾਂ ਦੀ ਪਾਲਣਾ ਕੀਤੇ ਜਾਣ ਦਾ ਪਤਾ ਲਗਾਉਣ
- ਦਿੱਤੀ ਗਈ ਬੀਮੇ ਦੀ ਰਕਮ ਅਤੇ ਲਏ ਗਏ ਪ੍ਰੀਮੀਅਮ ਦੀ ਰਕਮ ਦਾ ਪਤਾ ਲਗਾਉਣ
- ਬੇਹੱਦ ਰੁੜ੍ਹਨਸ਼ੀਲ ਜ਼ਮੀਨ ਦੇ ਰਾਖ਼ਵਾਂਕਰਨ ਅਤੇ ਵੈੱਟਲੈਂਡ ਰਾਖ਼ਵਾਂਕਰਨ ਦੇ ਪ੍ਰਬੰਧਾਂ ਦੀ ਪਾਲਣਾ ਦੀ ਤਸਦੀਕ ਕਰਨ
- USDA ਏਜੰਸੀ ਦੇ ਪ੍ਰੋਗਰਾਮਾਂ ਦੇ ਫੈਸਲਿਆਂ ਦੀ ਜਾਣਕਾਰੀ ਦੇਣ
- ਪਦਾਰਥਾਂ ਵਾਸਤੇ ਕਰਜ਼ੇ ਲਈ ਉਤਪਾਦਕ ਦੀ ਯੋਗਤਾ ਅਤੇ ਕਰਜ਼ਾ ਕਮੀ ਭੁਗਤਾਨਾਂ ਦਾ ਪਤਾ ਲਗਾਉਣ
- ਕੁਝ ਖ਼ਾਸ USDA ਪ੍ਰੋਗਰਾਮਾਂ ਵਿੱਚ ਭਾਗੀਦਾਰੀ ਲਈ ਫਸਲ ਅਤੇ ਉਤਪਾਦਕ ਦੀ ਯੋਗਤਾ ਦਾ ਪਤਾ ਲਗਾਉਣ

### ਸਵਾਲ: ਮੈਨੂੰ ਕਿੰਨੀਂ ਵਾਰ ਜਾਣਕਾਰੀ ਦਰਜ ਕਰਾਉਣੀ ਚਾਹੀਦੀ ਹੈ ਮੇਰੀ ਫਸਲ ਦੇ ਰਕਬੇ ਦੀ?

ਆਮ ਤੌਰ 'ਤੇ ਉਤਪਾਦਕਾਂ ਨੂੰ ਹਰ ਬੁਆਈ ਦੇ ਬਾਅਦ ਰਕਬੇ ਨਾਲ ਜੁੜੀ ਜਾਣਕਾਰੀ ਦੀ ਤਸਦੀਕ ਕਰਾਉਣੀ ਚਾਹੀਦੀ ਹੈ, ਕਿਉਂਕਿ ਕੁਝ ਫਸਲਾਂ ਕਈ ਵਾਰ ਬੋਇਆਂ ਜਾਂਦੀਆਂ ਹਨ ਅਤੇ ਹਰੇਕ ਬੁਆਈ ਦੀ ਜਾਣਕਾਰੀ ਦਰਜ ਕਰਾਉਣਾ ਲਾਜ਼ਮੀ ਹੈ।

ਸਦਾਬਹਾਰ ਫਸਲਾਂ, ਜਿਵੇਂ ਕਿ ਚਾਰਾ ਨਿਰੰਤਰ ਪ੍ਰਮਾਣੀਕਰਨ ਲਈ ਯੋਗ ਹਨ। ਇਸ ਦਾ ਮਤਲਬ ਹੈ ਕਿ ਇੱਕ ਵਾਰ ਫਸਲ ਦੀ ਜਾਣਕਾਰੀ ਦਰਜ ਕਰਾਉਣ ਦੇ ਬਾਅਦ, ਕੋਈ ਬਦਲਾਅ ਨਾ ਕੀਤੇ ਜਾਣ ਪ੍ਰਮਾਣੀਕਰਨ ਜਾਇਜ਼ ਰਹਿੰਦਾ ਹੈ। ਤੁਹਾਡੀਆਂ ਫਸਲਾਂ ਨਿਰੰਤਰ ਪ੍ਰਮਾਣੀਕਰਨ ਲਈ ਯੋਗ ਹਨ ਜਾਂ ਨਹੀਂ, ਇਹ ਜਾਣਨ ਲਈ ਆਪਣੇ ਸਥਾਨਕ USDA ਸੇਵਾ ਕੇਂਦਰ ਵਿਖੇ FSA ਨਾਲ ਸੰਪਰਕ ਕਰੋ।

### ਸਵਾਲ: ਮੈਂ ਇੱਕ ਸਿਖਾਂਦਰੂ ਕਿਸਾਨ ਹਾਂ। ਮੈਂ ਆਪਣੇ ਪਹਿਲੇ ਸਾਲ ਹੀ ਫਸਲ ਦੇ ਰਕਬੇ ਨਾਲ ਜੁੜੀ ਜਾਣਕਾਰੀ ਕਿਵੇਂ ਦਰਜ ਕਰਵਾਵਾਂ?

ਜੇ ਜ਼ਮੀਨ ਦੇ ਵੱਡੇ ਟੱਕ ਦੀ ਵਾਹੀ ਕਰਨ ਦਾ ਇਹ ਤੁਹਾਡਾ ਪਹਿਲਾ ਸਾਲ ਹੈ, ਤਾਂ ਯਕੀਨੀ ਬਣਾਓ ਕਿ ਤੁਹਾਡੇ ਖੇਤ ਨੂੰ ਨੰਬਰ ਮਿਲਿਆ ਹੋਇਆ ਹੈ, ਤੁਹਾਡੇ ਟੱਕ ਦੀ ਜਾਣਕਾਰੀ ਤਾਜ਼ਾ ਹੈ ਅਤੇ ਤੁਸੀਂ FSA ਦੇ ਸਿਸਟਮ ਵਿੱਚ ਹੋ। ਖੇਤ ਦਾ ਨੰਬਰ ਲਗਵਾਉਣ ਲਈ, ਪਛਾਣ ਦਾ ਸਬੂਤ, ਤੁਹਾਡੀ ਜ਼ਮੀਨ ਦੀ ਮਾਲਕੀਅਤ ਜਾਂ ਫਿਰ ਕਿਰਾਏ 'ਤੇ ਲੈਣ ਸੰਬੰਧੀ ਦਸਤਾਵੇਜ਼ਾਂ ਦੀ ਕਾਪੀ, ਤੁਹਾਡੇ ਕਾਰੋਬਾਰ ਲਈ ਕੋਈ ਵੀ ਅਦਾਰਾ ਦਸਤਾਵੇਜ਼ (ਸੀਮਤ ਭਾਈਵਾਲੀ, ਐਸਟੇਟ ਟ੍ਰਸਟ ਦੇ ਦਸਤਾਵੇਜ਼) ਆਪਣੇ ਸਥਾਨਕ USDA ਸੇਵਾ ਕੇਂਦਰ ਵਿਖੇ ਨਾਲ ਲਿਆਓ। ਸ਼ੁਰੂਆਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਅਸੀਂ ਉਪਲਬਧ ਹਾਂ।

### ਸਵਾਲ: ਕੀ ਮੈਨੂੰ ਮੁਲਾਕਾਤ ਬੁੱਕ ਕਰਨ ਦੀ ਲੋੜ ਹੈ?

ਫੋਨ ਜਾਂ ਫਿਰ ਵਰਚੁਅਲ ਮੁਲਾਕਾਤ ਨਿਰਧਾਰਤ ਕਰਨ ਲਈ, ਕਿਰਪਾ ਕਰਕੇ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ।

### ਸਵਾਲ: ਮੇਰਾ ਕਾਰੋਬਾਰ ਬਹੁਤ ਛੋਟਾ ਹੈ। ਕੀ ਫਿਰ ਵੀ ਮੈਨੂੰ ਫਸਲ ਦੇ ਰਕਬੇ ਦੀ ਜਾਣਕਾਰੀ ਦਰਜ ਕਰਾਉਣੀ ਪਵੇਗੀ?

ਹਾਂ। FSA ਹਰ ਸਾਈਜ਼ ਦੇ ਫਾਰਮਾਂ ਅਤੇ ਖੇਤਾਂ ਨਾਲ ਕੰਮ ਕਰਦੀ ਹੈ। ਛੋਟੇ ਕਿਸਾਨਾਂ ਨੂੰ ਵੀ ਆਪਣੀ ਫਸਲ ਦੇ ਰਕਬੇ ਦੀ ਜਾਣਕਾਰੀ ਦਰਜ ਕਰਾਉਣੀ ਚਾਹੀਦੀ ਹੈ, ਕਿਉਂਕਿ ਉਹ ਕੋਈ ਕੁਦਰਤੀ ਆਫਤ ਆਉਣ ਦੇ ਮਾਮਲੇ ਵਿੱਚ ਸਹਾਇਤਾ ਲਈ ਯੋਗ ਹੋ ਸਕਦੇ ਹਨ।

### ਸਵਾਲ: ਕੀ ਕਵਰ ਕੀਤੀਆਂ ਹੋਈਆਂ ਫਸਲਾਂ ਦੀ ਜਾਣਕਾਰੀ ਦਰਜ ਕਰਵਾਈ ਜਾ ਸਕਦੀ ਹੈ?

ਹਾਂ। ਜਿਹੜੀਆਂ ਵੀ ਫਸਲਾਂ ਦੀ ਵਰਤੋਂ ਮਿੱਟੀ ਨੂੰ ਰੁੜ੍ਹਨ ਤੋਂ ਰੋਕਣ ਲਈ, ਮਿੱਟੀ ਦੀ ਸਿਹਤ ਲਈ ਜਾਂ ਫਿਰ ਪਾਣੀ ਦੀ ਗੁਣਵੱਤਾ ਲਈ ਕੀਤੀ ਜਾਂਦੀ ਹੈ, ਉਹਨਾਂ ਦੀ ਜਾਣਕਾਰੀ ਬਤੌਰ ਕਵਰ ਕੀਤੀਆਂ ਫਸਲਾਂ ਦਰਜ ਕਰਾਈ ਜਾ ਸਕਦੀ ਹੈ। ਪਰ, ਜੇ ਕਵਰ ਕੀਤੀ ਗਈ ਫਸਲ ਦੀ ਵਾਢੀ ਚਾਰੇ ਜਾਂ ਹਰੇ ਤੋਂ ਇਲਾਵਾ ਕਿਸੇ ਹੋਰ ਚੀਜ਼ ਲਈ ਕੀਤੀ ਜਾਂਦੀ ਹੈ, ਤਾਂ ਇਹ ਕਵਰ ਫਸਲ ਨਹੀਂ ਰਹੇਗੀ ਅਤੇ ਇਸ ਸੰਬੰਧੀ ਜਾਣਕਾਰੀ ਨੂੰ ਸੋਧਿਆ ਜਾਵੇਗਾ।

### ਸਵਾਲ: ਜੇ ਮੇਰੀਆਂ ਫਸਲਾਂ ਜੈਵਿਕ ਹੋਣ, ਤਾਂ ਕੀ ਹੋਵੇਗਾ?

ਫਸਲਾਂ ਦੇ ਜੈਵਿਕ ਹੋਣ ਜਾਂ ਨਾ ਹੋਣ ਸੰਬੰਧੀ ਕੋਈ ਜਾਣਕਾਰੀ ਦੇਣ ਦੀ ਲੋੜ ਨਹੀਂ ਹੁੰਦੀ ਹੈ, ਪਰ ਜੇ ਤੁਸੀਂ ਇਹ ਜਾਣਕਾਰੀ ਉਪਲਬਧ ਕਰਾਉਂਦੇ ਹੋ, ਤਾਂ ਤੁਹਾਨੂੰ ਆਪਣਾ ਮੌਜੂਦਾ ਜੈਵਿਕ ਪਲਾਨ ਅਤੇ ਤੁਹਾਡੀਆਂ ਫਸਲਾਂ ਦੀ ਪ੍ਰਮਾਣਿਤ ਜੈਵਿਕ ਸਥਿਤੀ ਦੀ ਤਸਦੀਕ ਕਰਦੇ ਦਸਤਾਵੇਜ਼ ਨਾਲ ਲਿਆਉਣੇ ਚਾਹੀਦੇ ਹਨ।

### ਸਵਾਲ: ਜੇ ਆਪਣੀ ਫਸਲ ਬੀਮਾ ਏਜੰਸੀ ਨੂੰ ਆਪਣੇ ਰਕਬੇ ਦੀ ਜਾਣਕਾਰੀ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ, ਤਾਂ ਕੀ ਮੈਨੂੰ ਫਿਰ ਵੀ FSA ਨੂੰ ਇਸ ਸੰਬੰਧੀ ਜਾਣਕਾਰੀ ਦੇਣੀ ਪਵੇਗੀ?

ਹਾਂ। FSA ਅਤੇ ਜੋਖਮ ਪ੍ਰਬੰਧਨ ਏਜੰਸੀ (Risk Management Agency, RMA) ਵੱਲੋਂ ਮਨਜ਼ੂਰਸ਼ੁਦਾ ਭਾਗੀਦਾਰ ਬੀਮਾ ਪ੍ਰਦਾਤਾ ਆਪਣੇ ਇੱਕ ਦਫਤਰ ਵਿੱਚ ਉਪਲਬਧ ਰਕਬੇ ਦੀ ਜਾਣਕਾਰੀ ਵਿੱਚੋਂ ਆਮ ਜਾਣਕਾਰੀ ਉਪਲਬਧ ਕਰਵਾ ਸਕਦੇ ਹਨ, ਇਹ ਜਾਣਕਾਰੀ ਇਲੈਕਟ੍ਰਾਨਿਕ ਤੌਰ 'ਤੇ ਦੂਸਰੇ ਦਫਤਰਾਂ ਨਾਲ ਸਾਂਝੀ ਕੀਤੀ ਜਾਵੇਗੀ। ਪਰ, ਫਿਰ ਵੀ ਉਤਪਾਦਕਾਂ ਲਈ FSA ਅਤੇ ਬੀਮਾ ਪ੍ਰਦਾਤਾ ਦੋਹਾਂ ਲਈ ਹੀ ਰਿਪੋਰਟ 'ਤੇ ਹਸਤਾਖਰ ਕਰਨਾ ਲਾਜ਼ਮੀ ਹੋਵੇਗਾ।

### ਸਵਾਲ: ਬੁਆਈ ਨਾ ਕੀਤੇ ਰਕਬੇ ਅਤੇ ਖਰਾਬ ਹੋਏ ਰਕਬੇ ਦੀ ਜਾਣਕਾਰੀ ਕਦੋਂ ਦਰਜ ਕਰਾਉਣੀ ਚਾਹੀਦੀ ਹੈ?

ਕਈ ਪ੍ਰੋਗਰਾਮਾਂ ਦੇ ਮੁਤਾਬਕ ਬੁਆਈ ਨਾ ਕੀਤੇ ਰਕਬੇ ਅਤੇ ਖਰਾਬ ਹੋਏ ਰਕਬੇ ਦੀ ਜਾਣਕਾਰੀ ਆਫਤ ਆਉਣ ਦੇ 15 ਦਿਨਾਂ ਦੇ ਅੰਦਰ ਦਰਜ ਕਰਵਾ ਦੇਣੀ ਚਾਹੀਦੀ ਹੈ।

### ਸਵਾਲ: ਜੇ ਮੇਰੀ ਕਾਊਂਟੀ ਲਈ ਰਕਬੇ ਦੀ ਜਾਣਕਾਰੀ ਦੇਣ ਦੀ ਨਿਰਧਾਰਤ ਕੀਤੀ ਗਈ ਸਮਾਂ-ਸੀਮਾ ਨਿਕਲ ਗਈ ਹੈ, ਤਾਂ ਕੀ ਹੋਵੇਗਾ? ਕੀ ਫਿਰ ਵੀ ਦਰਜ ਕਰਵਾਈ ਜਾ ਸਕਦੀ ਹੈ?

ਹਾਂ। ਰਕਬੇ ਦੀ ਜਾਣਕਾਰੀ ਸਮਾਂ-ਸੀਮਾ ਲੰਘਣ ਦੇ ਇੱਕ ਸਾਲ ਦੇ ਬਾਅਦ ਤੱਕ ਦਰਜ ਕਰਵਾਈ ਜਾ ਸਕਦੀ ਹੈ। ਰਕਬੇ ਨਾਲ ਜੁੜੀ ਜਾਣਕਾਰੀ ਆਫਤ ਸੰਬੰਧੀ ਪ੍ਰੋਗਰਾਮਾਂ ਸਮੇਤ ਹੋਰ ਕਈ ਸਾਰੇ ਪ੍ਰੋਗਰਾਮਾਂ ਲਈ ਤੁਹਾਡੀ ਯੋਗਤਾ ਸਥਾਪਤ ਕਰਦੀ ਹੈ। ਭਾਵੇਂ ਰਕਬੇ ਦੀ ਜਾਣਕਾਰੀ ਦਰਜ ਕਰਾਉਣ ਲੱਗੇ ਕਿਸੇ ਵੀ ਪ੍ਰੋਗਰਾਮ ਲਈ ਭੁਗਤਾਨ ਸੰਬੰਧੀ ਕੋਈ ਦਿੱਕਤ ਨਾ ਹੋਵੇ ਜਾਂ ਫਿਰ ਦੇਰੀ ਦੀ ਫੀਸ ਭਰਕੇ ਦਰਜ ਕਰਵਾਈ ਗਈ ਹੋਵੇ, ਅਸੀਂ ਉਤਪਾਦਕਾਂ ਨੂੰ ਇਹੀ ਹੱਲਾਸ਼ੇਰੀ ਦਿੰਦੇ ਹਾਂ ਕਿ ਉਹ ਰਕਬੇ ਨਾਲ ਜੁੜੀ ਜਾਣਕਾਰੀ ਜ਼ਰੂਰ ਦਰਜ ਕਰਵਾਉਣ ਅਤੇ ਇੰਝ ਨਹੀਂ ਹੋਣਾ ਚਾਹੀਦਾ ਕਿ ਉਹ ਦੇਰੀ ਦੀ ਫੀਸ ਬਚਾਉਣ ਲਈ ਰਕਬੇ ਦੀ ਜਾਣਕਾਰੀ ਦਰਜ ਹੀ ਨਾ ਕਰਾਉਣ।

ਕਦੇ-ਕਦੇ ਪ੍ਰੋਗਰਾਮ ਜਾਂ ਭੁਗਤਾਨ ਲਈ ਯੋਗਤਾ ਦੇ ਨਾਲ ਜੁੜੇ ਫੈਸਲੇ ਜਾਂ ਅਰਜ਼ੀਆਂ ਜਮ੍ਹਾਂ ਕਰਾਉਣ ਦੀਆਂ ਸਮਾਂ-ਸੀਮਾਵਾਂ ਆਖਰੀ ਤਾਰੀਖ਼ ਤੋਂ ਅੱਗੇ ਵਧਾ ਦਿੱਤੀਆਂ ਜਾਂਦੀਆਂ ਹਨ, ਜਿਸ ਤਾਰੀਖ਼ ਤੱਕ ਦੇਰੀ ਨਾਲ ਰਕਬੇ ਦੀ ਜਾਣਕਾਰੀ ਦਰਜ ਕਰਵਾਈ ਜਾ ਸਕਦੀ ਹੈ। ਇਸ ਮਾਮਲੇ ਵਿੱਚ, ਦਰਜ ਨਾ ਕਰਾਉਣ ਦਾ ਫੈਸਲਾ ਅਤੇ ਫੀਸ ਦਾ ਭੁਗਤਾਨ ਉਸ ਰਕਬੇ ਅਤੇ ਰਕਬਾ ਸਾਂਝਾ ਕੀਤੇ ਜਾਂਦੇ ਉਤਪਾਦਕਾਂ ਦੀ ਸੰਭਾਵਤ ਯੋਗਤਾ ਲਈ ਆਖਰੀ ਹੋ ਸਕਦਾ ਹੈ।

ਫਾਈਲਾਂ ਵਿੱਚ ਰਕਬੇ ਦੀ ਜਾਣਕਾਰੀ ਉਪਲਬਧ ਹੋਣ ਨਾਲ ਭੁਗਤਾਨਾਂ ਅਤੇ ਆਫਤ ਸਹਾਇਤਾ ਲਈ ਯੋਗਤਾ ਯਕੀਨੀ ਬਣਾਉਣ ਵਿੱਚ ਮਦਦ ਮਿਲਦੀ ਹੈ, ਖ਼ਾਸ ਕਰਕੇ ਭਵਿੱਖ ਵਿੱਚ ਚਾਣਚੱਕ ਆਉਣ ਵਾਲੀਆਂ ਆਫਤਾਂ ਜਾਂ ਪ੍ਰੋਗਰਾਮ ਭੁਗਤਾਨ ਲਈ ਯੋਗਤਾ।